University Hospitals of Leicester NHS
NHS Trust

# ਲੀਸੈਸਟਰ ਫਰਟੀਲਿਟੀ ਸੈਂਟਰ
**ਕੇਨਸਿੰਗਟਨ ਬਿਲਡਿੰਗ**
**ਲੀਸੈਸਟਰ ਰੌਂਅਲ ਹਸਪਤਾਲ**
**0116 258 5922**

## ਬੀਜ ਨਮੂਨਿਆਂ ਦੇ ਸੰਗ੍ਰਹਣ ਲਈ ਨਿਰਦੇਸ਼

**ਕਿਰਪਾ ਕਰਕੇ ਨੋਟ ਕਰੋ ਕਿ ਲੀਸੈਸਟਰ ਫਰਟੀਲਿਟੀ ਸੇਂਟਰ (Leicester Fertility Centre) ਵਿੱਚ ਵਿਸ਼ਲੇਸ਼ਣ ਲਈ ਬੀਜ ਨਮੂਨਿਆਂ ਦੇ ਉੱਤਪਾਦਨ ਲਈ ਸੁਵੀਧਾਵਾਂ ਨਹੀਂ ਹਨ।**

- ਕੰਟੇਨਰ ਵਿੱਚ ਤੁਹਾਡਾ **ਨਾਂ, ਪਤਾ ਅਤੇ ਜਨਮਮਿਤੀ** ਸਪਸ਼ਟ ਤੌਰ ਤੇ ਲਿੱਖਿਆ ਹੋਣਾ ਅਤੇ ਫਿਰ ਸੀਲ ਕਰਨ ਯੋਗ ਬੈਗ ਵਿੱਚ ਰੱਖਿਆ ਹੋਣਾ ਚਾਹੀਦਾ ਹੈ (ਜੇਕਰ ਮੁਹਈਆ ਕਰਾਇਆ ਹੋਵੇ)। ਤੁਹਾਡੇ ਕੋਲ ਆਪਣੇ ਨਮੂਨੇ ਦੇ ਨਾਲ ਆਪਣੇ ਜੀਪੀ ਤੋ ਬੇਨਤੀ ਹੋਣੀ **ਜਰੂਰੀ** ਹੈ। ਜੇਕਰ ਤੁਹਾਡੇ ਕੋਲ ਫੱਾਰਮ ਨਾ ਹੋਵੇ ਤੁਹਾਨੂੰ ਆਪਨਾ ਨਮੂਨਾ ਲੈ ਆਉਣ ਪਹਿਲਾਂ ਆਪਣੇ ਜੀਪੀ ਤੋਂ ਇੱਕ ਪ੍ਰਾਪਤ ਕਰਨਾ **ਜਰੂਰੀ** ਹੈ ਕਿਉਕਿ ਅਸੀ ਉਸਦੇ ਬਿਨਾ ਇਸਦਾ ਵਿਸ਼ਲੇਸ਼ਣ **ਨਹੀਂ** ਕਰ ਸਕਦੇ।

- ਕਿਰਪਾ ਕਰਕੇ **ਸੋਮਵਾਰ ਤੋਂ ਸ਼ੁੱਕਰਵਾਰ** (ਬੈਂਕ ਛੁੱਟੀਆਂ ਸ਼ਾਮਲ ਨਹੀ) **ਸਵੇਰੇ 9 ਵਜੇ ਤੋਂ ਦੋਪਹਿਰੀ 12 ਵਜੇ** ਵਿੱਚਕਾਰ ਲੀਸੈਸਟਰ ਫਰਟੀਲਿਟੀਕੇਂਟਰ, ਕੈਨਸਿੰਗਟਨ ਬਿਲਡਿੰਗ ਦੇ ਰਿਸੈਪਸ਼ਨ ਡੈਸਕ ਤੇ ਨਮੂਨਾ ਲੈਕੇ ਆਓ। ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਤੁਸੀ ਵੇਰਵੇ ਦਾਰ 'ਸਵਿਮ ਅੱਪ' ਵਿਸ਼ਲੇਸ਼ਣ ਕਰਵਾ ਰਹੇ ਹੋ ਤੇ ਨਮੂਨਾ **ਸੋਮਵਾਰ ਤੋਂ ਵੀਰਵਾਰ ਸਵੇਰੇ 9 ਵਜੇ ਤੋਂ ਦੋਪਹਿਰੀ 12 ਵਜੇ** ਵਿੱਚਕਾਰ ਲੈ ਆਂਦਾ ਜਾ ਸਕਦਾ ਹੈ।

- ਕਿਰਪਾ ਕਰਕੇ ਨਮੂਨਾ ਉੱਤਪਾਦਿਤ ਕਰਨ ਤੋਂ ਪਹਿਲਾਂ **ਆਪਣੇ ਹੱਥਾਂ ਅਤੇ ਲਿੰਗ** ਨੂੰ ਧੋਵੋ। ਕਿਰਪਾ ਰਕੇ ਕੋਈ ਵੀ ਲੁਬਰੀਕੈਂਟ ਨਾ ਵਰਤੋਂ ਕਿਉਕਿ ਉਹ ਸ਼ੁਕਰਾਣੂ ਲਈ ਜਹਰੀਲਾ ਹੁੰਦਾ ਹੈ।

- ਤੁਹਾਨੂੰ ਇਸ ਜਾਂਚ ਲਈ 1 ਪੂਰੇ ਦਿਨ ਤੋਂ ਵੱਧ ਅਤੇ 7 ਦਿਨਾਂ ਤੋਂ ਘੱਟ ਸਮੇਂ ਲਈ ਸੰਭੋਗ/ਸਖ਼ਲਨ ਤੋਂ ਪਰਹੇਜ ਕਰਨਾ ਜਰੂਰੀ ਹੈ। ਹਾਲਾਂਕਿ, ਅਸੀ ਸਿਫ਼ਾਰਸ਼ ਕਰਦੇ ਹਾਂ ਕਿ ਆਦਰਸ਼ ਨਤੀਜਿਆਂ ਲਈ ਤੁਸੀ ਨਮੂਨੇ ਦੇ ਉੱਤਪਾਦਨ ਤੋਂ **2-3 ਦਿਨਾਂ** ਤੱਕ ਪਰਹੇਜ਼ ਕਰੋ।

- ਇਹ ਨਮੂਨਾ ਸਿੱਧਾ ਮੁਹਈਆ ਕਰਾਏ ਗਏ ਸ਼ੁਕਰਾਣੂ ਕੰਟੇਨਰ ਵਿੱਚ **ਮੁੱਠਬਾਜੀ** ਰਾਹੀਂ ਇੱਕਠਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਪੂਰਾ ਹੋਣਾ ਚਾਹੀਦਾ ਹੈ ਭਾਵ ਕੰਟੇਨਰ ਵਿੱਚ ਇੱਕਠਾ ਕੀਤਾ ਗਿਆ ਪੂਰਾ ਨਮੂਨਾ ਹੋਣਾ ਜਰੂਰੀ ਹੈ।

- ਸੰਭੋਗ ਦੇ ਸਮੇਂ ਬਾਹਰ ਨਿਕਲੇ ਸ਼ੁਕਰਾਣੂ ਨਮੂਨੇ ਦੇ ਤੌਰ ਤੇ ਨਹੀਂ ਵਰਤੇ ਜਾਣੇ ਚਾਹੀਦੇ ਕਿਉਕਿ ਬਾਹਰ ਨਿਕਲੇ ਪਦਾਰਥ ਦਾ ਪਹਿਲਾ ਭਾਗ ਜਿਸ ਵਿੱਚ ਸਭ ਤੋਂ ਵੱਧ ਸ਼ੁਕਰਾਣੂ ਸ਼ਾਮਲ ਹੁੰਦੇ ਹਨ, ਸੰਭਾਵਤ ਤੌਰ ਤੇ ਬੇਕਾਰ ਹੋ ਸਕਦਾ ਹੈ। ਜੇਕਰ ਤੁਸੀ ਮੁੱਠਬਾਜੀ ਰਾਹੀਂ ਨਮੂਨਾ ਉੱਤਪਾਦਿਤ ਕਰਨ ਵਿੱਚ ਅਯੋਗ ਹੋ ਤੇ ਅਸੀ ਵਿਸ਼ੇਸ਼ ਸਿਲਾਸਟਿਕ ਕੰਡੋਮ ਮੁਹਏਆ ਕਰਾ ਸਕਦੇ ਹਾਂ ਜਿਸ ਵਿੱਚ ਤੁਸੀ ਆਪਣਾ ਨਮੂਨਾ ਇੱਕਠਾ ਕਰ ਸਕਦੇ ਹੋ। ਇਹ ਸ਼ੁਲਕ ਤੇ ਸਾਡੀ ਰਿਸੈਪਸ਼ਨ ਵਿੱਚ ਉਪਲਬੱਧ ਹਨ।

- ਉਹ ਨਮੂਨਾ ਟ੍ਰਾਂਸਫਰ ਨਾ ਕਰੋ ਜੋ ਆਮ ਕੰਡੋਮ ਵਿੱਚ ਇੱਕਠਾ ਕੀਤਾ ਗਿਆ ਹੋਵੇ ਕਿਉਕਿ ਕੰਡੋਮ ਵਿੱਚਲਾ ਸਪਰਮੀਸਾਈਡ ਬਹੁਤੇਰੇ ਸ਼ੁਕਰਾਣੂਆਂ ਨੂੰ ਮਾਰ ਦੇਵੇਗਾ।

- ਨਮੂਨਾ ਸੇਂਟਰ ਵਿੱਚ ਨਮੂਨੇ ਦੇ ਉੱਤਪਾਦਨ ਦੇ **1 - 1½ ਘੰਟਿਆਂ** ਵਿੱਚਕਾਰ ਆ ਜਾਣਾ ਚਾਹੀਦਾ ਹੈ। ਇਹ ਨਮੂਨਾ ਗਰਮ ਜਾਂ ਠੰਡਾ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਇਸਨੂੰ **ਸ਼ਰੀਰਕ ਤਾਪ** ਤੇ ਰੱਖਿਆ ਜਾਣਾ ਚਾਹੀਦਾ ਹੈ ਮਿਸਾਲ ਵਜੋਂ ਜੇਬ ਵਿੱਚ।

- ਕਿਰਪਾ ਕਰਕੇ ਸੇਂਟਰ ਵਿੱਚ ਨਮੂਨਾ ਲੈ ਆਉਣ ਤੋਂ ਬਾਦ ਰਿਸੈਪਸ਼ਨ ਸਟਾਫ ਵਿੱਚੋਂ ਇੱਕ ਨੂੰ ਦੱਸੋ।

- ਭੁੱਗਤਾਨ ਸਿਰਫ਼ ਵੇਰਵੇ ਦਾਰ 'ਸਵਿਮ ਅੱਪ' ਜਾਂਚ ਲਈ ਜਰੂਰੀ ਹੋਵੇਗਾ ਕਿਉਕਿ ਇਹ ਜਾਂਚ ਕਰਨ ਲਈ ਲੋੜੀਂਦੀ ਸਮਗਰੀ ਅਤੇ ਰੀ-ਏਜੰਟ ਬਹੁਤ ਮਹਿੰਗੇ ਹਨ ਅਤੇ ਉਹ ਐਨਐਚਐਸ ਫੰਡਿੰਗ ਵਿੱਚ ਸ਼ਾਮਲ ਨਹੀਂ ਹਨ। ਇਸਦਾ ਭੁੱਗਤਾਨ **£120** ਹੈ ਅਤੇ ਇਹ ਨਕਦ, ਚੈਕ ਜਾਂ ਕਾਰਡ ਰਾਹੀਂ ਦਿੱਤਾ ਜਾ ਸਕਦਾ ਹੈ।